# ਸ਼ਰਤਾਂ ਬਾਬਤ ਠੇਕਾ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਦੀ ਪਾਰਕਿੰਗ

ਨਗਰ ਨਿਗਮ ਬਠਿੰਡਾ ਵੱਲੋਂ ਰੋਜ਼ ਗਾਰਡਨ ਵਿੱਖੇ ਪਾਰਕਿੰਗ (ਕਾਰ/ਜੀਪ/ਸਾਈਕਲ/ਮੋਟਰ ਸਾਈਕਲ) ਦਾ ਠੇਕਾ ਖੁੱਲ੍ਹੀ ਬੋਲੀ ਰਾਹੀਂ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੱਤਾ ਜਾਵੇਗਾ।

1. ਬੋਲੀ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ 65,000/- ਰੁਪੈ ਬਿਆਨੇ ਵਜੋਂ ਜਮ੍ਹਾਂ ਕਰਵਾਉਣੇ ਪੈਣਗੇ। ਬਿਆਨਾ ਰਕਮ ਜਮ੍ਹਾਂ ਕਰਵਾਏ ਬਿਨ੍ਹਾਂ ਕੋਈ ਵੀ ਵਿਅਕਤੀ ਬੋਲੀ ਵਿੱਚ ਜਮ੍ਹਾਂ ਨਹੀਂ ਹੋ ਸਕਦਾ। ਇਹ ਰਕਮ ਸਭ ਤੋਂ ਵੱਧ ਬੋਲੀ ਦੇਣ ਵਾਲੇ ਵਿਅਕਤੀ ਤੋਂ ਬਿਨ੍ਹਾਂ ਬਾਕੀ ਸਭ ਵਿਅਕਤੀਆਂ ਨੂੰ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ।
2. ਜਿਸ ਵਿਅਕਤੀ ਫਰਮ ਦੇ ਨਾਮ ਤੇ ਬੋਲੀ ਟੁਟੇਗੀ, ਉਹ ਬੋਲੀ ਦੀ ਰਕਮ ਦਾ 1/4 ਹਿੱਸਾ ਮੌਕੇ ਤੇ ਹੀ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ ਅਤੇ ਇਸ ਰਕਮ ਤੇ ਨਿਗਮ ਵੱਲੋ ਕੋਈ ਵਿਆਜ ਨਹੀਂ ਦਿਤਾ ਜਾਵੇਗਾ।
3. ਬੋਲੀ ਦੀ ਰਾਖਵੀਂ ਕੀਮਤ 400000/-ਰੁਪਏ ਸਲਾਨਾ ਹੋਵੇਗੀ।
4. ਇਸ ਪਾਰਕਿੰਗ ਦਾ ਠੇਕਾ ਤਿਨ ਸਾਲ ਮਿਤੀ.................. ਤੋ ਮਿਤੀ...................ਲਈ ਦਿੱਤਾ ਜਾਵੇਗਾ।ਠੇਕਾ ਦਾ ਸਮਾਂ ਵਰਕ ਆਰਡਰ ਜਾਰੀ ਹੋਣ ਤੋ ਬਾਅਦ ਸੁਰੂ ਹੋਵੇਗਾ।ਹਰ ਸਾਲ ਕਿਸ਼ਤ ਵਿਚ 10% ਦਾ ਵਾਧਾ ਹੋਵੇਗਾ।
5. ਜਿਸ ਵਿਅਕਤੀ ਵੱਲ ਨਿਗਮ ਦਾ ਕੋਈ ਬਕਾਇਆ ਬਾਕੀ ਹੈ ਉਹ ਵਿਅਕਤੀ ਬੋਲੀ ਨਹੀਂ ਦੇ ਸਕਦਾ।
6. ਮੌਕੇ ਤੇ ਬੋਲੀ ਕਰਵਾਉਣ ਵਾਲੇ ਅਧਿਕਾਰੀਆਂ ਅਤੇ ਕਮਿਸ਼ਨਰ ਨਗਰ ਨਿਗਮ ਨੂੰ ਇਹ ਹੱਕ ਹੋਵੇਗਾ ਕਿ ਉਹ ਬਿਨ੍ਹਾਂ ਕਿਸੇ ਕਾਰਨ ਦੱਸੇ ਬੋਲੀ ਰੱਦ ਕਰ ਸਕਦੇ ਹਨ।
7. ਇਹ ਕਿ ਪਾਰਕਿੰਗ ਵਿੱਚ ਨਗਰ ਨਿਗਮ ਵੱਲੋਂ ਮੁਕਰਰ ਕੀਤੇ ਰੇਟ ਚਾਰਜ਼ ਕੀਤੇ ਜਾਣਗੇ ਜੋ ਹੇਠ ਦਰਜ ਹਨ:-

| | |
|---|---|
| 1. ਰੇਟ ਪ੍ਰਤੀ ਸਾਈਕਲ | 5/-ਰੁਪੇ (ਪ੍ਰਤੀ ਦਿਨ) |
| 2. ਰੇਟ ਸਕੂਟਰ/ਮੋਟਰਸਾਇਕਲ | 10/-ਰੁਪੈ (ਪ੍ਰਤੀ ਦਿਨ) |
| 3. ਰੇਟ ਪ੍ਰਤੀ ਕਾਰ/ਜੀਪ/ ਮੈਟਾਡੋਰ/ਸਕੂਲ ਵੈਗਨ/ਮਿੰਨੀ ਬੱਸ | 20/-ਰੁਪੇ (ਪ੍ਰਤੀ ਦਿਨ) |
| 4. ਰੇਟ ਪ੍ਰਤੀ ਵੱਡੀ ਬੱਸ | 30/-ਰੁਪੈ (ਪ੍ਰਤੀ ਦਿਨ) |

ਠੇਕੇਦਾਰ ਉਕਤ ਰੇਟਾ ਨੂੰ ਪਾਰਕਿੰਗ ਸਾਈਟ ਤੇ ਬੋਰਡ ਉਪਰ ਡਿਸਪਲੇਅ ਕਰਨ ਦਾ ਪਾਬੰਦ ਹੋਵੇਗਾ।ਜੇਕਰ ਠੇਕੇਦਾਰ ਪਾਰਕਿੰਗ ਸਾਇਟ ਤੇ ਬੋਰਡ ਡਿਸਪਲੇਅ ਕਰਦਾ ਨਹੀਂ ਪਾਇਆ ਗਿਆ ਤਾਂ ਉਸ ਪਾਸੋਂ 500/ਰੁਪਏ ਪ੍ਰਤੀ ਦਿਨ ਜੁਰਮਾਨੇ ਵਜੋਂ ਵਸੂਲ ਕੀਤਾ ਜਾਵੇਗਾ ਅਤੇ ਠੇਕੇਦਾਰ ਉਕਤ ਰੇਟਾਂ ਤੋਂ ਵੱਧ ਪਾਰਕਿੰਗ ਫੀਸ ਚਾਰਜ ਕਰਦਾ ਪਾਇਆ ਜਾਂਦਾ ਹੈ ਦਾਂ ਉਸ ਪਾਸੋਂ 1000/-ਰੁਪਏ ਪ੍ਰਤੀ ਕੇਸ ਪੈਨਲਟੀ ਵਜੋਂ ਵਸੂਲ ਕੀਤਾ ਜਾਵੇਗਾ।ਠੇਕੇਦਾਰ ਪਾਰਕਿੰਗ ਵਾਲੀ ਥਾਂ ਨੂੰ ਟੇਕਸੀ ਸਟੈਂਡ ਦੇ ਤੌਰ ਤੇ ਇਸਤੇਮਾਲ ਨਹੀਂ ਕਰੇਗਾ।

8. ਫਰਮ/ਠੇਕੇਦਾਰ ਟ੍ਰੈਫਿਕ ਵਿਭਾਗ ਦੀਆਂ ਸਮੇਂ-2 ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
9. ਠੇਕੇਦਾਰ ਨਗਰ ਨਿਗਮ ਬਠਿੰਡਾ ਵਲੋਂ ਜਾਰੀ ਕੀਤੀਆਂ ਪਾਰਕਿੰਗ ਫੀਸ ਵਾਲੀਆਂ ਰਸੀਦਾਂ ਹੀ ਜਾਰੀ ਕਰੇਗਾ ਆਪਣੇ ਪੱਧਰ ਤੇ ਕੋਈ ਰਸੀਦ ਨਹੀਂ ਦੇਵੇਗਾ।
10. ਪਾਰਕਿੰਗ ਥਾਵਾਂ ਨੂੰ ਸਾਫ ਸੁਥਰਾ ਰੱਖਣ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
11. ਠੇਕੇਦਾਰ ਬਣਦੀ ਰਕਮ ਮਾਹਵਾਰੀ ਕਿਸ਼ਤਾਂ ਤੋਂ ਇਲਾਵਾ ਬਣਦਾ ਸਰਵਿਸ ਟੈਕਸ ਅਤੇ ਟੀ.ਸੀ.ਐਸ. ਹਰ ਮਹੀਨੇ ਦੇ 7 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ, ਜੇਕਰ ਕਿਸ਼ਤ ਨਿਸ਼ਚਿਤ ਸਮੇਂ ਤੋਂ ਲੇਟ ਹੁੰਦੀ ਹੈ ਤਾਂ 18% ਵਿਆਜ ਵਸੂਲ ਕੀਤਾ ਜਾਵੇਗਾ ਅਤੇ ਜੇਕਰ ਕਿਸ਼ਤ ਇੱਕ ਮਹੀਨਾਂ ਲੇਟ ਹੁੰਦੀ ਹੈ ਤਾਂ ਠੇਕਾ ਕੈਂਸਲ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ ।ਸਕਿਊਰਟੀ ਵਜੋਂ ਜਮ੍ਹਾਂ ਕਰਵਾਈ ਗਈ ਰਕਮ ਠੇਕੇ ਦੇ ਆਖੀਰਲੇ ਮਹੀਨੀਆ ਵਿੱਚ ਅਡਜਸਟ ਕੀਤੀ ਜਾਵੇਗੀ।
12. ਠੇਕੇਦਾਰ ਪਾਰਕਿੰਗ ਵਾਲੀਆਂ ਥਾਵਾਂ ਨੂੰ ਕਿਸੇ ਹੋਰ ਮੰਤਵ ਲਈ ਇਸਤੇਮਾਲ ਨਹੀਂ ਕਰੇਗਾ ਅਤੇ ਨਾ ਹੀ ਕਿਸੇ ਕਿਸਮ ਦਾ ਆਰਜੀ ਜਾਂ ਪੱਕੇ ਤੌਰ ਤੇ ਕੋਈ ਢਾਂਚਾ ਖੜਾ ਕਰੇਗਾ। ਪਾਰਕਿੰਗ ਵਿਚ ਕੋਈ ਅਣ ਅਧਿਕਾਰਤ ਰੇਹੜੀ, ਖੋਖਾ ਆਦਿ ਪਾਇਆ ਜਾਂਦਾ ਹੈ ਤਾਂ ਠੇਕੇਦਾਰ ਤੋਂ 5000/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਵਸੂਲ ਕੀਤਾ ਜਾਵੇਗਾ।

13. ਠੇਕੇਦਾਰ ਠੇਕੇ ਨੂੰ ਅੱਗੇ ਸਬਲੈਟ ਨਹੀਂ ਕਰ ਸਕਦਾ।
14. ਠੇਕੇਦਾਰ ਸਰਤਾ ਦੀ ਪਾਲਣਾ ਸਬੰਧੀ 300/- ਰੁਪਏ ਦੇ ਅਸ਼ਟਾਮ ਤੇ ਨਿਗਮ ਨਾਲ ਐਗਰੀਮੈਂਟ ਕਰੇਗਾ।
15. ਸਵੇਰੇ 5 ਵਜੇ ਤੋਂ ਲੈ ਕੇ ਸਵੇਰੇ 9 ਵਜੇ ਤੱਕ ਠੇਕੇਦਾਰ ਕੋਈ ਪਾਰਕਿੰਗ ਫੀਸ ਨਹੀਂ ਲਏਗਾ।
16. ਠੇਕੇਦਾਰ ਨੂੰ ਪਾਰਕਿੰਗ ਦਾ ਕਬਜਾ ਨਗਰ ਨਿਗਮ ਦੀ ਪ੍ਰਵਾਨਗੀ ਤੋਂ ਬਾਅਦ ਹੀ ਦਿੱਤਾ ਜਾਵੇਗਾ। ਠੇਕੇਦਾਰ ਨੂੰ ਇਸ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ।ਕਬਜਾ ਨਾ ਲੈਣ ਦੀ ਸੂਰਤ ਵਿੱਚ ਉਸਦੀ ਜਮ੍ਹਾਂ ਸਕਿਊਰਟੀ ਜਬਤ ਕਰ ਲਈ ਜਾਵੇਗੀ ਅਤੇ ਠੇਕਾ ਰੱਦ ਕਰ ਦਿੱਤਾ ਜਾਵੇਗਾ।
17. ਠੇਕੇਦਾਰ ਨਗਰ ਨਿਗਮ ਦੇ ਕਿਸੇ ਕਰਮਚਾਰੀ ਤੋ ਵਹੀਕਲ ਪਾਰਕਿੰਗ ਦੀ ਫੀਸ ਚਾਰਜ ਨਹੀਂ ਕਰੇਗਾ।
18. ਠੇਕੇਦਾਰ ਕੋਈ ਨਾਬਾਲਗ ਕਰਮਚਾਰੀ ਨਹੀਂ ਰੱਖੇਗਾ।ਇਸ ਕੰਮ ਲਈ ਰੱਖੇ ਕਰਮਚਾਰੀਆਂ ਨੂੰ ਸ਼ਨਾਖਤੀ ਕਾਰਡ ਜਾਰੀ ਕਰੇਗਾ ਅਤੇ ਕਰਮਚਾਰੀਆਂ ਦੀ ਲਿਸਟ ਸਮੇਤ ਫੋਟੋ ਨਗਰ ਨਿਗਮ ਬਠਿੰਡਾ ਨੂੰ ਜਮ੍ਹਾਂ ਕਰਵਾਏਗਾ।ਠੇਕੇਦਾਰ ਇਹ ਸ਼ਰਤ ਵਰਕ ਆਰਡਰ ਲੇਣ ਸਮੇਂ ਪੂਰੀ ਕਰਨ ਦਾ ਪਾਬੰਦ ਹੋਵੇਗਾ।
19. ਠੇਕੇਦਾਰ ਸਮੇਂ-2 ਸਿਰ ਕੇਂਦਰ ਸਰਕਾਰ/ਰਾਜ ਸਰਕਾਰ ਵੱਲੋਂ ਲਗਾਇਆ ਟੈਕਸ ਕਿਸ਼ਤ ਦੇ ਨਾਲ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।
20. ਠੇਕੇਦਾਰ ਆਪਣੇ ਅਤੇ ਆਪਣੇ ਕਰਮਚਾਰੀਆਂ ਦੇ ਬੈਠਣ ਅਤੇ ਬੈਕੀਕੇਟ ਲਗਾਉਣ ਦਾ ਪ੍ਰਬੰਧ ਖੁਦ ਆਪ ਕਰੇਗਾ।
21. ਠੇਕੇਦਾਰ ਵੱਲੋਂ ਕਿਸੇ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਨਿਗਮ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਠੇਕਾ ਕੈਂਸਲ ਕਰਕੇ ਕਬਜਾ ਸੰਭਾਲ ਲਵੇ। ਜੇਕਰ ਨਿਗਮ ਨੂੰ ਕੋਈ ਕਾਨੂੰਨੀ ਕਾਰਵਾਈ ਕਰਨੀ ਪੈਂਦੀ ਹੈ ਤਾਂ ਉਸ ਦੇ ਸਾਰੇ ਖਰਚੇ ਵਾ ਹਰਜਾਨੇ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
22. ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਮੌਕੇ ਤੇ ਕੋਈ ਵੀ ਸ਼ਰਤ ਵਧਾ ਜਾ ਘਟਾ ਸਕਦੇ ਹਨ।
23. ਠੇਕਾ ਪ੍ਰਵਾਨ ਕਰਨ ਜਾ ਰੱਦ ਕਰਨ ਦਾ ਹੱਕ ਕਮਿਸ਼ਨਰ ਨਗਰ ਨਿਗਮ ਨੂੰ ਹੋਵੇਗਾ।
24. **ਇਹ ਕਿ ਦੋਵਾਂ ਧਿਰਾਂ ਦੇ ਵਿੱਚ ਕੋਈ ਵੀ ਝਗੜਾ ਹੋਣ ਦੀ ਸੂਰਤ ਵਿਚ ਇਹ ਝਗੜਾ ਆਰਬੀਟਰੇਟਰ ਕੋਲ ਪੇਸ਼ ਕੀਤਾ ਜਾਵੇਗਾ ਅਤੇ ਕਮਿਸ਼ਨਰ ਨਗਰ ਨਿਗਮ ਸੋਲ ਆਰਬੀਟਰੇਟਰ ਹੋਣਗੇ ਅਤੇ ਉਨ੍ਹਾਂ ਦੁਆਰਾ ਕੀਤਾ ਗਿਆ ਫੈਸਲਾ ਦੋਹਾਂ ਧਿਰਾਂ ਨੂੰ ਮੰਨਣਯੋਗ ਹੋਵੇਗਾ।**

ਸਕੱਤਰ
ਨਗਰ ਨਿਗਮ ਬਠਿੰਡਾ

ਕਮਿਸ਼ਨਰ
ਨਗਰ ਨਿਗਮ, ਬਠਿੰਡਾ।